ਮਿੱਠੇ ਬੱਚੇ:- " ਮਿੱਠੇ ਬੱਚੇ :- ਸ਼੍ਰੀਮਤ ਤੇ ਭਾਰਤ ਨੂੰ ਸਵਰਗ ਬਣਾਉਣ ਦੀ ਸੇਵਾ ਕਰਨੀ ਹੈ , ਪਹਿਲਾਂ ਖੁਦ ਨਿਰਵਿਕਾਰੀ ਬਣਨਾ ਹੈ ਫਿਰ ਦੂਸਰਿਆਂ ਨੂੰ ਕਹਿਣਾ ਹੈ "

ਪ੍ਰਸ਼ਨ:- ਤੁਸੀਂ ਮਹਾਵੀਰ ਬੱਚਿਆਂ ਨੂੰ ਕਿਸ ਗੱਲ ਦੀ ਪਰਵਾਹ ਨਹੀਂ ਕਰਨੀ ਹੈ ? ਸਿਰਫ਼ ਕਿਹੜੀ ਚੈਕਿੰਗ ਕਰਦੇ ਖੁਦ ਨੂੰ ਸੰਭਾਲਣਾ ਹੈ ?

ਉੱਤਰ:- ਜੇਕਰ ਕੋਈ ਪਵਿੱਤਰ ਬਣਨ ਵਿੱਚ ਵਿਘਨ ਪਾਉਂਦਾ ਹੈ ਤਾਂ ਤੁਹਾਨੂੰ ਉਸਦੀ ਪ੍ਰਵਾਹ ਨਹੀਂ ਕਰਨੀ ਹੈ। ਸਿਰਫ ਚੈਕ ਕਰੋ ਕਿ ਮੈਂ ਮਹਾਵੀਰ ਹਾਂ? ਮੈਂ ਆਪਣੇ ਆਪ ਨੂੰ ਠੱਗਦਾ ਤਾਂ ਨਹੀਂ ਹਾਂ? ਬੇਹੱਦ ਦਾ ਵੈਰਾਗ ਰਹਿੰਦਾ ਹੈ? ਮੈਂ ਆਪ ਸਮਾਨ ਬਣਾਉਂਦਾ ਹਾਂ? ਮੇਰੇ ਵਿੱਚ ਗੁੱਸਾ ਤਾਂ ਨਹੀਂ ਹੈ? ਜੋ ਦੂਸਰਿਆਂ ਨੂੰ ਕਹਿੰਦਾ ਹਾਂ ਉਹ ਆਪ ਵੀ ਕਰਦਾ ਹਾਂ?

ਗੀਤ:- ਤੁਮਹੇ ਪਾਕਰ ਹਮਨੇ...

ਓਮ ਸ਼ਾਂਤੀ। ਇਸ ਵਿੱਚ ਬੋਲਣ ਦਾ ਨਹੀਂ ਰਹਿੰਦਾ, ਇਹ ਸਮਝਣ ਦੀ ਗੱਲ ਹੈ। ਮਿੱਠੇ-ਮਿੱਠੇ ਰੂਹਾਨੀ ਬੱਚੇ ਸਮਝ ਰਹੇ ਹਨ ਕਿ ਅਸੀਂ ਫਿਰ ਤੋਂ ਦੇਵਤਾ ਬਣ ਰਹੇ ਹਾਂ। ਸੰਪੂਰਨ ਨਿਰਵਿਕਾਰੀ ਬਣ ਰਹੇ ਹਾਂ। ਬਾਪ ਆਕੇ ਕਹਿੰਦੇ ਹਨ- ਬੱਚੇ, ਕਾਮ ਨੂੰ ਜਿੱਤੋ ਮਤਲਬ ਪਵਿੱਤਰ ਬਣੋ। ਬੱਚਿਆਂ ਨੇ ਗੀਤ ਸੁਣਿਆ। ਹੁਣ ਫਿਰ ਤੋਂ ਬੱਚਿਆਂ ਨੂੰ ਸਮ੍ਰਿਤੀ ਆਈ ਹੈ - ਅਸੀਂ ਬੇਹੱਦ ਦੇ ਬਾਪ ਤੋਂ ਬੇਹੱਦ ਦਾ ਵਰਸਾ ਲੈਂਦੇ ਹਾਂ, ਜੋ ਕੋਈ ਖੋਹ ਨਾ ਸਕੇ, ਉੱਥੇ ਦੂਸਰਾ ਕੋਈ ਖੋਣ ਵਾਲਾ ਦੂਜਾ ਹੁੰਦਾ ਹੀ ਨਹੀਂ। ਉਸਨੂੰ ਕਿਹਾ ਜਾਂਦਾ ਹੈ ਅਦਵੈਤ ਰਾਜ। ਫਿਰ ਬਾਦ ਵਿੱਚ ਰਾਵਣ ਰਾਜ ਦੂਜੇ ਦਾ ਹੁੰਦਾ ਹੈ। ਹੁਣ ਤੁਸੀਂ ਸਮਝ ਰਹੇ ਹੋ। ਸਮਝਾਉਣਾ ਵੀ ਇਵੇਂ ਹੈ। ਅਸੀਂ ਫਿਰ ਤੋਂ ਭਾਰਤ ਨੂੰ ਸ਼੍ਰੀਮਤ ਤੇ ਵਾਈਸਲੈਸ ਬਣਾ ਰਹੇ ਹਾਂ। ਉੱਚ ਤੋਂ ਉੱਚ ਭਗਵਾਨ ਤਾਂ ਸਭ ਕਹਿਣਗੇ। ਉਨ੍ਹਾਂ ਨੂੰ ਹੀ ਭਗਵਾਨ ਕਿਹਾ ਜਾਂਦਾ ਹੈ। ਤਾਂ ਇਹ ਵੀ ਸਮਝਾਉਣਾ ਹੈ, ਲਿਖਣਾ ਵੀ ਹੈ ਭਾਰਤ ਜੋ ਸੰਪੂਰਨ ਨਿਰਵਿਕਾਰੀ ਸਵਰਗ ਸੀ ਉਹ ਹੁਣ ਵਿਕਾਰੀ ਨਰਕ ਬਣ ਗਿਆ ਹੈ। ਫਿਰ ਅਸੀਂ ਸ਼੍ਰੀਮਤ ਤੇ ਭਾਰਤ ਨੂੰ ਸਵਰਗ ਬਣਾ ਰਹੇ ਹਾਂ। ਬਾਪ ਜੋ ਦੱਸਦੇ ਹਨ ਉਸਨੂੰ ਨੋਟ ਕਰ ਫਿਰ ਵਿਚਾਰ ਸਾਗਰ ਮੰਥਨ ਕਰ ਲਿਖਣ ਵਿੱਚ ਮਦਦ ਕਰਨੀ ਚਾਹੀਦੀ ਹੈ। ਅਜਿਹਾ ਕੀ - ਕੀ ਲਿਖੀਏ ਜੋ ਮਨੁੱਖ ਸਮਝਣ ਭਾਰਤ ਬਰੋਬਰ ਸਵਰਗ ਸੀ? ਰਾਵਣ ਦਾ ਰਾਜ ਸੀ ਨਹੀਂ। ਬੱਚਿਆਂ ਨੂੰ ਬੁੱਧੀ ਵਿੱਚ ਹੈ - ਹੁਣ ਅਸੀਂ ਭਾਰਤਵਾਸੀਆਂ ਨੂੰ ਬਾਪ ਵਾਈਸਲੈਸ ਬਣਾ ਰਹੇ ਹਨ। ਪਹਿਲਾਂ ਆਪਣੇ ਨੂੰ ਵੇਖਣਾ ਹੈ - ਅਸੀਂ ਨਿਰਵਿਕਾਰੀ ਬਣੇ ਹਾਂ? ਈਸ਼ਵਰ ਨੂੰ ਮੈਂ ਠੱਗਦਾ ਤੇ ਨਹੀਂ ਹਾਂ? ਇਵੇਂ ਨਹੀਂ ਕਿ ਈਸ਼ਵਰ ਸਾਨੂੰ ਵੇਖਦਾ ਥੋੜ੍ਹੀ ਨਾ ਹੈ। ਤੁਹਾਡੇ ਮੂੰਹ ਤੋਂ ਇਹ ਸ਼ਬਦ ਨਿਕਲ ਨਹੀਂ ਸਕਣ। ਤੁਸੀਂ ਜਾਣਦੇ ਹੋ ਪਵਿੱਤਰ ਬਣਾਉਣ ਵਾਲਾ ਪਤਿਤ - ਪਾਵਨ ਇੱਕ ਹੀ ਬਾਪ ਹੈ। ਭਾਰਤ ਵਾਈਸਲੇਸ ਸੀ ਤਾਂ ਸਵਰਗ ਸੀ। ਇਹ ਦੇਵਤੇ ਸੰਪੂਰਨ ਨਿਰਵਿਕਾਰੀ ਹਨ ਨਾ। ਯਥਾ ਰਾਜਾ - ਰਾਣੀ ਤਥਾ ਪ੍ਰਜਾ ਹੋਵੇਗੀ, ਉਦੋਂ ਤਾਂ ਸਾਰੇ ਭਾਰਤ ਨੂੰ ਸਵਰਗ ਕਿਹਾ ਜਾਂਦਾ ਹੈ ਨਾ। ਹੁਣ ਨਰਕ ਹੈ। ਇਹ 84 ਜਨਮਾਂ ਦੀ ਪੌੜੀ ਬਹੁਤ ਚੰਗੀ ਚੀਜ਼ ਹੈ। ਕੋਈ ਚੰਗਾ ਹੋਵੇ ਤਾਂ ਉਨ੍ਹਾਂ ਨੂੰ ਸੌਗਾਤ ਵੀ ਦੇ ਸਕਦੇ ਹੋ। ਵੱਡੇ - ਵੱਡੇ ਆਦਮੀਆਂ ਨੂੰ ਤਾਂ ਵੱਡੀ ਸੌਗਾਤ ਮਿਲਦੀ ਹੈ ਨਾ। ਤਾਂ ਤੁਸੀਂ ਵੀ ਜੋ ਆਉਂਦੇ ਹਨ, ਉਨ੍ਹਾਂਨੂੰ ਸਮਝਾਕੇ ਅਜਿਹੀ ਸੌਗਾਤ ਦੇ ਸਕਦੇ ਹੋ। ਚੀਜ਼ ਸਦਾ ਦੇਣ ਲਈ ਤਿਆਰ ਰਹਿੰਦੀ ਹੈ। ਤੁਹਾਡੇ ਕੋਲ ਵੀ ਨਾਲੇਜ ਤਿਆਰ ਰਹਿਣੀ ਚਾਹੀਦੀ ਹੈ। ਸੀੜੀ ਵਿੱਚ ਪੂਰਾ ਗਿਆਨ ਹੈ। ਅਸੀਂ ਕਿਵੇਂ 84 ਜਨਮ ਲੀਤੇ ਹਨ - ਇਹ ਯਾਦ ਰਹਿਣਾ ਚਾਹੀਦਾ ਹੈ। ਇਹ ਸਮਝ ਦੀ ਗੱਲ ਹੈ ਨਾ। ਜ਼ਰੂਰ ਜੋ ਪਹਿਲਾਂ ਆਏ ਹਨ ਉਨ੍ਹਾਂ ਨੇ ਹੀ 84 ਜਨਮ ਲਏ ਹਨ। ਬਾਪ 84 ਜਨਮ ਦੱਸਕੇ ਫਿਰ ਕਹਿੰਦੇ ਹਨ ਇਨਾਂ ਦੇ ਬਹੁਤ ਜਨਮਾਂ ਦੇ ਅੰਤ ਵਿੱਚ ਮੈਂ ਸਧਾਰਨ ਤਨ ਵਿੱਚ ਪ੍ਰਵੇਸ਼ ਕਰਦਾ ਹਾਂ। ਫਿਰ ਇਨ੍ਹਾਂ ਦਾ ਨਾਮ ਰੱਖਦਾ ਹਾਂ ਬ੍ਰਹਮਾ। ਇਨ੍ਹਾਂ ਦਵਾਰਾ ਬ੍ਰਾਹਮਣ ਰਚਦਾ ਹਾਂ। ਨਹੀਂ ਤਾਂ ਬ੍ਰਾਹਮਣ ਕਿਥੋਂ ਲਿਆਵਾਂ। ਬ੍ਰਹਮਾ ਦਾ ਬਾਪ ਕਦੇ ਸੁਣਿਆ ਹੈ ਕੀ? ਜ਼ਰੂਰ ਭਗਵਾਨ ਹੀ ਕਹਿਣਗੇ। ਬ੍ਰਹਮਾ ਅਤੇ ਵਿਸ਼ਨੂੰ ਵਿਖਾਉਂਦੇ ਹਨ ਸੁਖਸ਼ਮਵਤਨ ਵਿੱਚ ਹਨ। ਬਾਪ ਤਾਂ ਕਹਿੰਦੇ ਹਨ ਕਿ ਮੈਂ ਇਨ੍ਹਾਂ ਦੇ 84 ਜਨਮਾਂ ਦੇ ਅੰਤ ਵਿੱਚ ਪ੍ਰਵੇਸ਼ ਕਰਦਾ ਹਾਂ। ਅਡੋਪਟ ਕੀਤਾ ਜਾਂਦਾ ਹੈ ਤਾਂ ਨਾਮ ਬਦਲੀ ਕੀਤਾ ਜਾਂਦਾ ਹੈ। ਸੰਨਿਆਸ ਵੀ ਕਰਵਾਇਆ ਜਾਂਦਾ ਹੈ। ਸੰਨਿਆਸੀ ਵੀ ਜਦੋਂ ਸੰਨਿਆਸ ਕਰਦੇ ਹਨ ਤਾਂ ਫੌਰਨ ਭੁੱਲ ਨਹੀਂ ਜਾਂਦੇ ਹਨ, ਯਾਦ ਜਰੂਰ ਰਹਿੰਦੀ ਹੈ। ਤੁਹਾਨੂੰ ਵੀ ਯਾਦ ਰਹੇਗੀ ਪ੍ਰੰਤੂ ਤੁਹਾਨੂੰ ਉਨਾਂ ਦੇ ਲਈ ਵੈਰਾਗ ਹੈ ਕਿਉਂਕਿ ਤੁਸੀਂ ਜਾਣਦੇ ਹੋ ਇਹ ਸਭ ਕਬ੍ਰਦਾਖਿਲ ਹੋਣੇ ਹਨ ਇਸਲਈ ਅਸੀਂ ਉਨ੍ਹਾਂ ਨੂੰ ਯਾਦ ਕਿਉਂ ਕਰੀਏ। ਗਿਆਨ ਨਾਲ ਸਭ ਕੁਝ ਸਮਝਣਾ ਹੈ ਚੰਗੀ ਤਰ੍ਹਾਂ। ਉਹ ਵੀ ਗਿਆਨ ਨਾਲ ਹੀ ਘਰਬਾਰ ਛੱਡਦੇ ਹਨ। ਉਨਾਂ ਤੋਂ ਪੁੱਛਿਆ ਜਾਵੇ ਘਰਬਾਰ ਕਿਵੇਂ ਛੱਡਿਆ ਤਾਂ ਦੱਸਦੇ ਨਹੀਂ। ਫਿਰ ਉਨ੍ਹਾਂ ਨੂੰ ਯੁਕਤੀ ਨਾਲ ਕਿਹਾ ਜਾਂਦਾ ਹੈ - ਤੁਹਾਨੂੰ ਕਿਵੇਂ ਵੈਰਾਗ ਆਇਆ ਹੈ, ਸਾਨੂੰ ਦੱਸੋ ਤਾਂ ਅਸੀਂ ਵੀ ਇਵੇਂ ਕਰੀਏ। ਤੁਸੀਂ ਟੈਮ੍ਪਟੇਸ਼ਨ ਦਿੰਦੇ ਹੋ ਕਿ ਪਵਿੱਤਰ ਬਣੋ, ਬਾਕੀ ਤੁਹਾਨੂੰ ਯਾਦ ਸਭ ਹੈ। ਛੋਟੇਪਨ ਤੋਂ ਲੈਕੇ ਸਭ ਦੱਸ ਸਕਦੇ ਹੋ। ਬੁੱਧੀ ਵਿੱਚ ਸਾਰਾ ਗਿਆਨ ਹੈ। ਕਿਵੇਂ ਇਹ ਸਭ ਡਰਾਮੇ ਦੇ ਐਕਟਰ ਹਨ ਜੋ ਪਾਰ੍ਟ ਵਜਾਉਂਦੇ ਆਏ ਹਨ। ਹੁਣ ਸਭ ਦੇ ਕਲਯੁਗੀ ਕਰਮਬੰਧਨ ਟੁੱਟਣੇ ਹਨ। ਫਿਰ ਜਾਵਾਂਗੇ ਸ਼ਾਂਤੀਧਾਮ। ਫਿਰ ਉੱਥੋਂ ਸਭਦਾ ਨਵਾਂ ਸੰਬੰਧ ਜੁੜ੍ਹੇਗਾ। ਸਮਝਾਉਣ ਦੀਆਂ ਪੁਆਇੰਟਸ ਵੀ ਬਾਬਾ ਚੰਗੀ - ਚੰਗੀ ਦਿੰਦੇ ਰਹਿੰਦੇ ਹਨ। ਇਹ ਹੀ ਭਾਰਤਵਾਸੀ ਆਦਿ ਸਨਾਤਨ ਦੇਵੀ - ਦੇਵਤਾ ਧਰਮ ਵਾਲੇ ਸਨ ਤਾਂ ਵਾਈਸਲੈਸ ਸਨ ਫਿਰ 84 ਜਨਮਾਂ ਦੇ ਬਾਦ ਵਿਸ਼ਸ਼ ਬਣੇ। ਹੁਣ ਫਿਰ ਵਾਈਸਲੈਸ ਬਣਨਾ ਹੈ। ਪਰੰਤੂ ਪੁਰਸ਼ਾਰਥ ਕਰਵਾਉਣ ਵਾਲੇ ਚਾਹੀਦੇ ਹਨ। ਹੁਣ ਤੁਹਾਨੂੰ ਬਾਪ ਨੇ ਦੱਸਿਆ ਹੈ। ਬਾਪ ਕਹਿੰਦੇ ਹਨ ਤੁਸੀਂ ਉਹ ਹੀ ਹੋ ਨਾ। ਬੱਚੇ ਵੀ ਕਹਿੰਦੇ ਹਨ ਬਾਬਾ ਤੁਸੀਂ ਉਹ ਹੀ ਹੋ। ਬਾਪ

ਕਹਿੰਦੇ ਹਨ ਕਲਪ ਪਹਿਲੋਂ ਵੀ ਤੁਹਾਨੂੰ ਪੜ੍ਹਾਕੇ ਰਾਜ - ਭਾਗ ਦਿੱਤਾ ਸੀ। ਕਲਪ - ਕਲਪ ਇਵੇਂ ਕਰਦੇ ਰਹਿਣਗੇ। ਡਰਾਮੇ ਵਿੱਚ ਜੋ ਕੁਝ ਹੋਇਆ, ਵਿਘਨ ਪਏ, ਫਿਰ ਵੀ ਪੈਣਗੇ। ਜੀਵਨ ਵਿੱਚ ਕੀ - ਕੀ ਹੁੰਦਾ ਹੈ। ਯਾਦ ਤਾਂ ਰਹਿੰਦਾ ਹੈ ਨਾ। ਇਨ੍ਹਾਂਨੂੰ ਤੇ ਸਭ ਯਾਦ ਹੈ। ਦੱਸਦੇ ਵੀ ਹਨ ਕਿ ਪਿੰਡ ਦਾ ਛੋਰਾ ਸੀ ਅਤੇ ਬੈਕੁੰਠ ਦਾ ਮਾਲਿਕ ਬਣਿਆ। ਬੈਕੁੰਠ ਵਿੱਚ ਪਿੰਡ ਕਿਵੇਂ ਹੋਵੇਗਾ - ਇਹ ਤੁਸੀਂ ਹੁਣ ਜਾਣਦੇ ਹੋ। ਇਸ ਵਕਤ ਤੁਹਾਡੇ ਲਈ ਵੀ ਪੁਰਾਣੀ ਦੁਨੀਆਂ ਪਿੰਡ ਹੈ ਨਾ ਕਿੱਥੇ ਬੈਕੁੰਠ, ਕਿੱਥੇ ਇਹ ਨਰਕ। ਮਨੁੱਖ ਤਾਂ ਵੱਡੇ - ਵੱਡੇ ਮਹਿਲ ਬਿਲਡਿੰਗ ਆਦਿ ਵੇਖ ਸਮਝਦੇ ਹਨ ਇਹ ਹੀ ਸਵਰਗ ਹੈ। ਬਾਪ ਕਹਿੰਦੇ ਹਨ ਇਹ ਤਾਂ ਸਭ ਮਿੱਟੀ, ਪੱਥਰ ਹਨ, ਇਨ੍ਹਾਂ ਦੀ ਕੋਈ ਵੇਲਯੂ ਨਹੀਂ। ਵੇਲਯੂ ਸਭ ਤੋਂ ਜ਼ਿਆਦਾ ਹੀਰੇ ਦੀ ਹੁੰਦੀ ਹੈ। ਬਾਪ ਕਹਿੰਦੇ ਹਨ ਵਿਚਾਰ ਕਰੋ ਸਤਿਯੁਗ ਵਿੱਚ ਤੁਹਾਡੇ ਸੋਨੇ ਦੇ ਮਹਿਲ ਕਿਵੇਂ ਦੇ ਸਨ। ਉੱਥੇ ਤਾਂ ਸਭ ਖਾਣੀਆਂ ਭਰੀਆਂ ਹੁੰਦੀਆਂ ਹਨ। ਢੇਰ ਦਾ ਢੇਰ ਸੋਨਾ ਹੁੰਦਾ ਹੈ। ਤਾਂ ਬੱਚਿਆਂ ਨੂੰ ਕਿੰਨੀ ਖੁਸ਼ੀ ਹੋਣੀ ਚਾਹੀਦੀ ਹੈ। ਕਿਸੇ ਵਕਤ ਮੁਰਝਾਇਸ ਆਉਂਦੀ ਹੈ ਤਾਂ ਬਾਬਾ ਨੇ ਸਮਝਾਇਆ ਹੈ - ਕਈ ਅਜਿਹੇ ਰਿਕਾਰਡ ਹਨ ਜੋ ਤੁਹਾਨੂੰ ਫੌਰਨ ਖੁਸ਼ੀ ਵਿੱਚ ਲਿਆ ਦੇਣਗੇ। ਸਾਰਾ ਗਿਆਨ ਬੁੱਧੀ ਵਿੱਚ ਆ ਜਾਂਦਾ ਹੈ। ਸਮਝਦੇ ਹੋ ਬਾਬਾ ਸਾਨੂੰ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ। ਉਹ ਕਦੇ ਕੋਈ ਖੋਹ ਨਹੀਂ ਸਕਦਾ। ਅੱਧਾਕਲਪ ਦੇ ਲਈ ਅਸੀਂ ਸੁਖਧਾਮ ਦੇ ਮਾਲਿਕ ਬਣਦੇ ਹਾਂ। ਰਾਜੇ ਦਾ ਬੱਚਾ ਸਮਝਦਾ ਹੈ ਅਸੀਂ ਇਸ ਹੱਦ ਦੀ ਰਾਜਾਈ ਦੇ ਵਾਰਿਸ ਹਾਂ। ਤੁਹਾਨੂੰ ਕਿੰਨਾ ਨਸ਼ਾ ਰਹਿਣਾ ਚਾਹੀਦਾ ਹੈ - ਅਸੀਂ ਬੇਹੱਦ ਦੇ ਬਾਪ ਦੇ ਵਾਰਿਸ ਹਾਂ। ਬਾਪ ਸਵਰਗ ਦੀ ਸਥਾਪਨਾ ਕਰਦੇ ਹਨ, ਅਸੀਂ 21 ਜਨਮ ਦੇ ਲਈ ਵਾਰਿਸ ਬਣਦੇ ਹਾਂ। ਕਿੰਨੀ ਖੁਸ਼ੀ ਹੋਣੀ ਚਾਹੀਦੀ ਹੈ। ਜਿਸਦਾ ਵਾਰਿਸ ਬਣਦੇ ਹਾਂ ਉਨ੍ਹਾਂ ਨੂੰ ਵੀ ਜ਼ਰੂਰ ਯਾਦ ਕਰਨਾ ਹੈ। ਯਾਦ ਕੀਤੇ ਬਿਗਰ ਤਾਂ ਵਾਰਿਸ ਬਣ ਨਹੀਂ ਸਕਦੇ। ਯਾਦ ਕਰਨ ਤਾਂ ਪਵਿੱਤਰ ਬਣਨ ਤਾਂ ਹੀ ਵਾਰਿਸ ਬਣ ਸਕਣ। ਤੁਸੀਂ ਜਾਣਦੇ ਹੋ ਸ਼੍ਰੀਮਤ ਤੇ ਅਸੀਂ ਵਿਸ਼ਵ ਦੇ ਮਾਲਿਕ ਡਬਲ ਸਿਰਤਾਜ ਬਣਦੇ ਹਾਂ। ਜਨਮ ਦਰ ਜਨਮ ਅਸੀਂ ਰਾਜਾਈ ਕਰਾਂਗੇ। ਮਨੁੱਖਾਂ ਦਾ ਭਗਤੀ ਮਾਰਗ ਵਿੱਚ ਹੁੰਦਾ ਹੈ ਵਿਨਾਸ਼ੀ ਦਾਨ - ਪੁੰਨ। ਤੁਹਾਡਾ ਹੈ ਅਵਿਨਾਸ਼ੀ ਗਿਆਨ ਧਨ। ਤੁਹਾਨੂੰ ਕਿੰਨੀ ਵੱਡੀ ਲਾਟਰੀ ਮਿਲਦੀ ਹੈ। ਕਰਮਾਂ ਅਨੁਸਾਰ ਫਲ ਮਿਲਦਾ ਹੈ ਨਾ। ਕੋਈ ਵੱਡੇ ਰਾਜੇ ਦਾ ਬੱਚਾ ਬਣਦਾ ਹੈ ਤਾਂ ਵੱਡੀ ਹੱਦ ਦੀ ਲਾਟਰੀ ਕਹਾਂਗੇ। ਸਿੰਗਲ ਤਾਜ ਵਾਲੇ ਸਾਰੇ ਵਿਸ਼ਵ ਦੇ ਮਾਲਿਕ ਤਾਂ ਬਣ ਨਾ ਸਕਣ। ਡਬਲ ਤਾਜ ਵਾਲੇ ਵਿਸ਼ਵ ਦੇ ਮਾਲਿਕ ਤੁਸੀਂ ਬਣਦੇ ਹੋ। ਉਸ ਵਕਤ ਦੂਸਰੀ ਕੋਈ ਰਾਜਾਈ ਹੈ ਹੀ ਨਹੀਂ। ਫਿਰ ਦੂਜੇ ਧਰਮ ਬਾਦ ਵਿੱਚ ਆਉਂਦੇ ਹਨ। ਉਹ ਜਦੋਂ ਤੱਕ ਵਾਧੇ ਨੂੰ ਪਾਉਣ ਤਾਂ ਪਹਿਲਾਂ ਵਾਲੇ ਰਾਜੇ ਵਿਕਾਰੀ ਬਣਨ ਦੇ ਕਾਰਨ ਮਤਭੇਦ ਨਾਲ ਟੁਕੜੇ - ਟੁਕੜੇ ਵੱਖ ਕਰ ਦਿੰਦੇ ਹਨ। ਪਹਿਲਾਂ ਤਾਂ ਸਾਰੇ ਵਿਸ਼ਵ ਤੇ ਇੱਕ ਹੀ ਰਾਜ ਸੀ। ਉੱਥੇ ਅਜਿਹਾ ਨਹੀਂ ਕਹਿਣਗੇ ਇਹ ਅਗਲੇ ਜਨਮ ਦੇ ਕਰਮਾਂ ਦਾ ਫਲ ਹੈ। ਹੁਣ ਬਾਪ ਤੁਹਾਨੂੰ ਬੱਚਿਆਂ ਨੂੰ ਸ੍ਰੇਸ਼ਠ ਕਰਮ ਸਿਖਾ ਰਹੇ ਹਨ। ਜਿਵੇਂ - ਜਿਵੇਂ ਜੋ ਕਰਮ ਕਰੇਗਾ, ਸਰਵਿਸ ਕਰੇਗਾ ਤਾਂ ਉਸਦਾ ਰਿਟਰਨ ਵੀ ਅਜਿਹਾ ਮਿਲੇਗਾ। ਚੰਗਾ ਕਰਮ ਹੀ ਕਰਨਾ ਹੈ। ਕੋਈ ਕਰਮ ਕਰਦੇ ਹਨ, ਸਮਝ ਨਹੀਂ ਸਕਦੇ ਤਾਂ ਉਸਦੇ ਲਈ ਸ਼੍ਰੀਮਤ ਲੈਣੀ ਪੈਂਦੀ ਹੈ। ਘੜੀ-ਘੜੀ ਪੁੱਛਣਾ ਚਾਹੀਦਾ ਹੈ ਪੱਤਰ ਵਿੱਚ। ਹੁਣ ਪ੍ਰਾਈਮ ਮਿਨਿਸਟਰ ਹੈ, ਤੁਸੀਂ ਸਮਝਦੇ ਹੋ ਕਿੰਨੀ ਪੋਸਟ ਆਉਂਦੀ ਹੋਵੇਗੀ। ਪਰ ਉਹ ਕੋਈ ਇਕੱਲੇ ਨਹੀਂ ਪੜ੍ਹਦੇ ਹਨ। ਉਨ੍ਹਾਂ ਦੇ ਅੱਗੇ ਬਹੁਤ ਸੈਕਟਰੀ ਹੁੰਦੇ ਹਨ। ਉਹ ਸਾਰੀ ਪੋਸਟ ਵੇਖਦੇ ਹਨ। ਜੋ ਬਿਲਕੁਲ ਮੁੱਖ ਹੋਵੇਗੀ, ਪਾਸ ਕਰਨਗੇ ਤਾਂ ਪ੍ਰਾਈਮ ਮਿਨਿਸਟਰ ਦੇ ਟੇਬਲ ਤੇ ਰੱਖਣਗੇ। ਇੱਥੇ ਵੀ ਅਜਿਹਾ ਹੁੰਦਾ ਹੈ। ਮੁੱਖ - ਮੁੱਖ ਪੱਤਰਾਂ ਦਾ ਤੇ ਫੌਰਨ ਰਿਸਪਾਂਡ ਦੇ ਦਿੰਦੇ ਹਨ।। ਬਾਕੀ ਦੇ ਲਈ ਯਾਦਪਿਆਰ ਲਿਖ ਦਿੰਦੇ ਹਨ। ਇੱਕ - ਇੱਕ ਨੂੰ ਵੱਖ ਬੈਠ ਪੱਤਰ ਲਿਖਣ ਇਹ ਤਾਂ ਹੋ ਨਹੀਂ ਸਕਦਾ। ਬਹੁਤ ਮੁਸ਼ਕਿਲ ਹੈ। ਬੱਚਿਆਂ ਨੂੰ ਕਿੰਨੀ ਖੁਸ਼ੀ ਹੁੰਦੀ ਹੈ - ਓਹੋ! ਅੱਜ ਬੇਹੱਦ ਦੇ ਬਾਪ ਦੀ ਚਿੱਠੀ ਆਈ ਹੈ। ਸ਼ਿਵਬਾਬਾ ਬ੍ਰਹਮਾ ਦਵਾਰਾ ਰਿਸਪਾਂਡ ਕਰਦੇ ਹਨ। ਬੱਚਿਆਂ ਨੂੰ ਬੜੀ ਖੁਸ਼ੀ ਹੁੰਦੀ ਹੈ। ਸਭਤੋਂ ਜ਼ਿਆਦਾ ਗਦ- ਗਦ ਹੁੰਦੀਆਂ ਹਨ ਬੰਧੇਲੀਆਂ। ਓਹੋ! ਅਸੀਂ ਬੰਧਨ ਵਿੱਚ ਹਾਂ, ਬੇਹੱਦ ਦਾ ਬਾਪ ਸਾਨੂੰ ਕਿਵੇਂ ਚਿੱਠੀ ਲਿਖਦੇ ਹਨ। ਅੱਖਾਂ ਤੇ ਰੱਖਦੀਆਂ ਹਨ। ਅਗਿਆਨਕਾਲ ਵਿੱਚ ਵੀ ਪਤੀ ਨੂੰ ਪ੍ਰਮਾਤਮਾ ਸਮਝਣ ਵਾਲਿਆਂ ਨੂੰ ਪਤੀ ਦੀ ਚਿੱਠੀ ਆਉਂਦੀ ਹੋਵੇਗੀ ਤਾਂ ਉਸਨੂੰ ਚੁੰਮਣ ਕਰਨਗੀਆਂ। ਤੁਹਾਡੇ ਵਿੱਚ ਵੀ ਬਾਪਦਾਦਾ ਦਾ ਪੱਤਰ ਵੇਖਕੇ ਕਈ ਬੱਚਿਆਂ ਦੇ ਇੱਕਦਮ ਰੋਮਾਂਚ ਖੜ੍ਹੇ ਹੋ ਜਾਂਦੇ ਹਨ। ਪ੍ਰੇਮ ਦੇ ਅੱਥਰੂ ਆ ਜਾਂਦੇ ਹਨ। ਚੁੰਮਣ ਕਰਨਗੀਆਂ, ਅੱਖਾਂ ਤੇ ਰੱਖਣਗੀਆਂ। ਬਹੁਤ ਪ੍ਰੇਮ ਨਾਲ ਪੱਤਰ ਪੜ੍ਹਦੀਆਂ ਹਨ। ਬੰਧੇਲੀਆਂ ਕੋਈ ਘੱਟ ਹਨ ਕੀ। ਕਈ ਬੱਚਿਆਂ ਤੇ ਮਾਇਆ ਜਿੱਤ ਪਾ ਲੈਂਦੀ ਹੈ। ਕੋਈ ਤਾਂ ਸਮਝਦੇ ਹਨ ਅਸੀਂ ਤਾਂ ਪਵਿੱਤਰ ਜਰੂਰ ਬਣਨਾ ਹੈ। ਭਾਰਤ ਵਾਇਸਲੈੱਸ ਸੀ ਨਾ। ਹੁਣ ਵਿਸ਼ਸ ਹੈ। ਹੁਣ ਜੋ ਵਾਇਸਲੈੱਸ ਬਣਨੇ ਹੋਣਗੇ , ਉਹੀ ਪੁਰਸ਼ਾਰਥ ਕਰਨਗੇ - ਕਲਪ ਪਹਿਲਾਂ ਮਿਸਲ। ਤੁਸੀ ਬੱਚਿਆਂ ਨੂੰ ਸਮਝਾਉਣਾ ਬਹੁਤ ਸਹਿਜ ਹੈ। ਤੁਹਾਡਾ ਵੀ ਇਹ ਪਲਾਨ ਹੈ ਨਾ। ਗੀਤਾ ਦਾ ਯੁਗ ਚੱਲ ਰਿਹਾ ਹੈ। ਗੀਤਾ ਦਾ ਹੀ ਪੁਰਸ਼ੋਤਮ ਯੁਗ ਗਾਇਆ ਜਾਂਦਾ ਹੈ। ਤੁਸੀਂ ਲਿਖੋ ਵੀ ਇਵੇਂ - ਗੀਤਾ ਦਾ ਇਹ ਪੁਰਸ਼ੋਤਮ ਯੁਗ ਹੈ। ਜੱਦ ਕਿ ਪੁਰਾਣੀ ਦੁਨੀਆਂ ਬਦਲ ਨਵੀਂ ਹੁੰਦੀ ਹੈ। ਤੁਹਾਡੀ ਬੁੱਧੀ ਵਿੱਚ ਹੈ - ਬੇਹੱਦ ਦਾ ਬਾਪ ਜੋ ਸਾਡਾ ਟੀਚਰ ਵੀ ਹੈ, ਉਨ੍ਹਾਂ ਤੋਂ ਅਸੀਂ ਰਾਜਯੋਗ ਸਿੱਖ ਰਹੇ ਹਾਂ। ਚੰਗੀ ਤਰ੍ਹਾਂ ਪੜ੍ਹਨਗੇ ਤਾਂ ਡਬਲ ਸਿਰਤਾਜ ਬਣਾਂਗੇ। ਕਿੰਨਾ ਵੱਡਾ ਸਕੂਲ ਹੈ। ਰਜਾਈ ਸਥਾਪਨ ਹੁੰਦੀ ਹੈ। ਪ੍ਰਜਾ ਵੀ ਜਰੂਰ ਕਈ ਪ੍ਰਕਾਰ ਦੀ ਹੋਵੇਗੀ। ਰਾਜਾਈ ਵ੍ਰਿਧੀ ਨੂੰ ਪਾਉਂਦੀ ਰਹੇਗੀ। ਘੱਟ ਗਿਆਨ ਉਠਾਉਣ ਵਾਲੇ ਪਿੱਛੋਂ ਆਉਣਗੇ। ਜਿਵੇਂ ਜੋ ਪੁਰਸ਼ਾਰਥ ਕਰਨਗੇ ਉਹ ਪਹਿਲਾਂ ਆਉਂਦੇ ਰਹਿਣਗੇ। ਇਹ ਸਭ ਬਣਾ - ਬਣਾਇਆ ਖੇਡ ਹੈ। ਇਹ ਡਰਾਮਾ ਦਾ ਚੱਕਰ ਰਿਪੀਟ ਹੁੰਦਾ ਹੈ ਨਾ। ਹੁਣ ਤੁਸੀਂ ਬਾਪ ਤੋਂ ਵਰਸਾ ਲੈ ਰਹੇ ਹੋ। ਬਾਪ ਕਹਿੰਦੇ ਹਨ ਪਵਿੱਤਰ ਬਣੋ। ਇਸ ਵਿੱਚ ਕੋਈ ਵਿਘਨ ਪਾਉਂਦਾ ਹੈ ਤਾਂ ਪ੍ਰਵਾਹ ਨਹੀਂ ਕਰਨੀ ਚਾਹੀਦੀ। ਰੋਟੀ ਟੁਕੜ ਤਾਂ ਮਿਲ ਸਕਦੀ ਹੈ ਨਾ। ਬੱਚਿਆਂ ਨੂੰ ਪੁਰਸ਼ਾਰਥ ਕਰਨਾ ਚਾਹੀਦਾ ਹੈ ਤਾਂ ਯਾਦ ਰਹੇਗੀ। ਬਾਬਾ ਭਗਤੀ ਮਾਰਗ ਦਾ ਮਿਸਾਲ ਦੱਸਦੇ ਹਨ - ਪੂਜਾ ਦੇ ਟਾਈਮ ਬੁੱਧੀਯੋਗ ਬਾਹਰ ਜਾਂਦਾ ਸੀ ਤਾਂ ਆਪਣਾ ਕੰਨ ਫੜਦੇ ਸਨ, ਚਮਾਟ ਲਗਾਉਂਦੇ ਸਨ। ਹੁਣ ਤਾਂ ਇਹ ਹੈ ਗਿਆਨ। ਇਸ ਵਿੱਚ ਵੀ ਮੁਖ ਗੱਲ ਹੈ ਯਾਦ ਦੀ । ਯਾਦ ਨਾ ਰਹੇ ਤਾਂ ਆਪਣੇ ਨੂੰ ਥੱਪੜ ਮਾਰਨਾ ਚਾਹੀਦਾ ਹੈ। ਮਾਇਆ ਮੇਰੇ ਉੱਪਰ ਜਿੱਤ ਕਿਓਂ ਪਾਉਂਦੀ ਹੈ। ਕੀ ਮੈਂ ਇੰਨਾ ਕੱਚਾ ਹਾਂ । ਮੈਨੂੰ ਤਾਂ ਇਨ੍ਹਾਂ ਤੇ ਜਿੱਤ ਪਾਉਣੀ ਹੈ। ਆਪਣੇ ਆਪ ਨੂੰ ਚੰਗੀ ਤਰ੍ਹਾਂ ਸੰਭਾਲਣਾ ਹੈ । ਉਨ੍ਹਾਂ ਤੋਂ ਪੁਛੋ ਮੈ ਇੰਨਾ ਮਹਾਵੀਰ ਹਾਂ? ਹੋਰਾਂ ਨੂੰ ਵੀ ਮਹਾਵੀਰ ਬਣਾਉਣ ਦਾ ਪੁਰਸ਼ਾਰਥ ਕਰਨਾ

ਹੈ। ਜਿੰਨਾ ਬਹੁਤਿਆਂ ਨੂੰ ਆਪ ਸਮਾਨ ਬਣਾਓਗੇ ਤਾਂ ਉੱਚ ਦਰਜਾ ਹੋਵੇਗਾ। ਆਪਣਾ ਰਾਜ - ਭਾਗ ਲੈਣ ਦੇ ਲਈ ਰੇਸ ਕਰਨੀ ਹੈ। ਜੇਕਰ ਸਾਡੇ ਵਿੱਚ ਹੀ ਕ੍ਰੋਧ ਹੈ ਤਾਂ ਦੂਜੇ ਨੂੰ ਕਿਵੇਂ ਕਹਾਂਗੇ ਕਿ ਗੁੱਸਾ ਨਹੀਂ ਕਰਨਾ ਹੈ। ਸੱਚਾਈ ਨਹੀਂ ਹੋਈ ਨਾ। ਲੱਜਾ ਆਉਣੀ ਚਾਹੀਦੀ ਹੈ। ਦੂਜਿਆਂ ਨੂੰ ਸਮਝਾਓ ਅਤੇ ਉਹ ਉੱਚ ਬਣ ਜਾਣ, ਅਸੀਂ ਥੱਲੇ ਹੀ ਰਹਿ ਜਾਈਏ, ਇਹ ਵੀ ਕੋਈ ਪੁਰਸ਼ਾਰਥ ਹੈ! (ਪੰਡਿਤ ਦੀ ਕਹਾਣੀ) ਬਾਪ ਨੂੰ ਯਾਦ ਕਰਦੇ ਤੁਸੀਂ ਇਸ ਵਿਸ਼ੇ ਸਾਗਰ ਤੋਂ ਸ਼ੀਰਸਾਗਰ ਵਿਚ ਚਲੇ ਜਾਂਦੇ ਹੋ। ਬਾਕੀ ਇਹ ਸਭ ਮਿਸਾਲ ਬਾਪ ਬੈਠ ਸਮਝਾਉਂਦੇ ਹਨ, ਜੋ ਫਿਰ ਭਗਤੀ ਮਾਰਗ ਵਿਚ ਰਿਪੀਟ ਕਰਦੇ ਹਨ। ਭ੍ਰਮਰੀ ਦਾ ਵੀ ਮਿਸਾਲ ਹੈ। ਤੁਸੀਂ ਬ੍ਰਾਹਮਣੀਆਂ ਹੋ ਨਾ - ਬੀ. ਕੇ., ਇਹ ਤਾਂ ਸੱਚੇ - ਸੱਚੇ ਬ੍ਰਾਹਮਣ ਹੋਏ। ਪ੍ਰਜਾਪਿਤਾ ਬ੍ਰਹਮਾ ਕਿੱਥੇ ਹੈ? ਜਰੂਰ ਇੱਥੇ ਹੋਵੇਗਾ ਨਾ। ਉੱਥੇ ਥੋੜੀ ਨਾ ਹੋਵੇਗਾ। ਤੁਸੀਂ ਬੱਚਿਆਂ ਨੂੰ ਬਹੁਤ ਹੁਸ਼ਿਆਰ ਬਣਨਾ ਚਾਹੀਦਾ ਹੈ। ਬਾਬਾ ਦਾ ਪਲਾਨ ਹੈ ਮਨੁੱਖ ਨੂੰ ਦੇਵਤਾ ਬਣਾਉਣ ਦਾ। ਇਹ ਚਿੱਤਰ ਵੀ ਹਨ ਸਮਝਾਉਣ ਦੇ ਲਈ। ਇਨ੍ਹਾਂ ਵਿਚ ਲਿਖਤ ਵੀ ਅਜਿਹੀ ਹੋਣੀ ਚਾਹੀਦੀ ਹੈ। ਗੀਤਾ ਦਾ ਭਗਵਾਨ ਦਾ ਇਹ ਪਲਾਨ ਹੈ। ਅਸੀਂ ਬ੍ਰਾਹਮਣ ਹਾਂ ਚੋਟੀ। ਇੱਕ ਦੀ ਗੱਲ ਥੋੜੀ ਹੁੰਦੀ ਹੈ। ਪ੍ਰਜਾਪਿਤਾ ਬ੍ਰਹਮਾ ਤਾਂ ਚੋਟੀ ਬ੍ਰਾਹਮਣਾਂ ਦੀ ਹੋਈ ਨਾ। ਬ੍ਰਹਮਾ ਹੈ ਹੀ ਬ੍ਰਾਹਮਣਾਂ ਦਾ ਬਾਪ। ਇਸ ਸਮੇਂ ਬੜਾ ਭਾਰੀ ਕੁਟੁੰਬ ਹੋਵੇਗਾ ਨਾ। ਜੋ ਫਿਰ ਤੁਸੀਂ ਦੈਵੀ ਕੁਟੁੰਬ ਵਿੱਚ ਆਉਂਦੇ ਹੋ। ਇਸ ਸਮੇਂ ਤੁਹਾਨੂੰ ਬਹੁਤ ਖੁਸ਼ੀ ਹੁੰਦੀ ਹੈ ਕਿਉਂਕਿ ਲਾਟਰੀ ਮਿਲਦੀ ਹੈ। ਤੁਹਾਡਾ ਬਹੁਤ ਨਾਮ ਹੈ। ਵੰਦੇ ਮਾਤਰਮ, ਸ਼ਿਵ ਦੀ ਸ਼ਕਤੀ ਸੈਨਾ ਤੁਸੀਂ ਹੋ ਨਾ। ਉਹ ਤਾਂ ਸਭ ਹੈ ਝੂਠੇ। ਬਹੁਤ ਹੋਣ ਦੇ ਕਾਰਨ ਮੂੰਝ ਪੈਂਦੇ ਹਨ ਇਸਲਈ ਰਾਜਧਾਨੀ ਸਥਾਪਨ ਕਰਨ ਵਿੱਚ ਮਿਹਨਤ ਲਗਦੀ ਹੈ। ਬਾਪ ਕਹਿੰਦੇ ਹਨ ਇਹ ਡਰਾਮਾ ਬਣਿਆ ਹੋਇਆ ਹੈ। ਇਸ ਵਿੱਚ ਮੇਰਾ ਵੀ ਪਾਰ੍ਹ ਹੈ। ਮੈ ਹਾਂ ਸ੍ਰਵ ਸ਼ਕਤੀਮਾਨ। ਮੈਨੂੰ ਯਾਦ ਕਰਨ ਨਾਲ ਤੁਸੀਂ ਪਵਿੱਤਰ ਬਣ ਜਾਂਦੇ ਹੋ। ਸਭ ਤੋਂ ਜ਼ਿਆਦਾ ਚੁੰਬਕ ਹੈ ਸ਼ਿਵਬਾਬਾ, ਉਹ ਹੀ ਉੱਚ ਤੇ ਉੱਚ ਰਹਿੰਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਹਮੇਸ਼ਾ ਇਸੇ ਨਸ਼ੇ ਵਿੱਚ ਅਤੇ ਖੁਸ਼ੀ ਵਿੱਚ ਰਹਿਣਾ ਹੈ ਕਿ ਅਸੀਂ 21 ਜਨਮਾਂ ਦੇ ਲਈ ਬੇਹੱਦ ਬਾਬਾ ਦੇ ਵਾਰਿਸ ਬਣੇ ਹਾਂ, ਜਿਸ ਦੇ ਲਈ ਵਾਰਿਸ ਬਣੇ ਹਾਂ ਉਨ੍ਹਾਂ ਨੂੰ ਯਾਦ ਵੀ ਕਰਨਾ ਹੈ ਅਤੇ ਪਵਿੱਤਰ ਵੀ ਜਰੂਰ ਬਣਨਾ ਹੈ।

2. ਬਾਪ ਜੋ ਸ਼੍ਰੇਸ਼ਠ ਕਰਮ ਸਿਖਾ ਰਹੇ ਹਨ, ਉਹ ਹੀ ਕਰਮ ਕਰਨੇ ਹਨ। ਸ਼੍ਰੀਮਤ ਲੈਂਦੇ ਰਹਿਣਾ ਹੈ।

ਵਰਦਾਨ:- ਸਥੂਲ ਦੇਸ਼ ਅਤੇ ਸ਼ਰੀਰ ਦੀ ਸਮ੍ਰਿਤੀ ਤੋਂ ਪਰੇ ਸੂਖਸ਼ਮ ਦੇਸ਼ ਦੇ ਵੇਸ਼ਧਾਰੀ ਭਵ।

ਜਿਵੇਂ ਅਜਕਲ ਦੀ ਦੁਨੀਆ ਵਿੱਚ ਜਿਵੇਂ ਦਾ ਕਰਤਵਿਆ ਉਵੇਂ ਦਾ ਵੇਸ ਧਾਰਨ ਕਰ ਲੈਂਦੇ ਹਨ, ਇਵੇਂ ਤੁਸੀ ਵੀ ਜਿਸ ਸਮੇਂ ਜਿਵੇਂ ਦਾ ਕਰਮ ਕਰਨਾ ਚਾਹੁੰਦਾ ਹੋ ਉਵੇਂ ਦਾ ਵੇਸ ਧਾਰਨ ਕਰ ਲਵੋ। ਹੁਣੇ - ਹੁਣੇ ਸਾਕਾਰੀ ਅਤੇ ਹੁਣੇ - ਹੁਣੇ ਆਕਾਰੀ। ਅਜਿਹੇ ਬਹੁਰੂਪੀ ਬਣ ਜਾਵੋ ਤਾਂ ਸਰਵ ਸਵਰੂਪਾਂ ਦੇ ਸੁੱਖਾਂ ਦਾ ਅਨੁਭਵ ਕਰ ਸਕੋਗੇ। ਇਹ ਆਪਣਾ ਹੀ ਸਵਰੂਪ ਹੈ। ਦੂਜੇ ਦੇ ਕਪੜੇ ਫਿਟ ਹੋਣ ਜਾਂ ਨਾ ਹੋਣ ਲੇਕਿਨ ਆਪਣੇ ਕਪੜੇ ਸਹਿਜ ਹੀ ਧਾਰਨ ਕਰ ਸਕਦੇ ਹੋ ਇਸਲਈ ਇਸ ਵਰਦਾਨ ਨੂੰ ਪ੍ਰੈਕਟਿਕਲ ਅਭਿਆਸ ਵਿਚ ਲਿਆਓ ਤਾਂ ਅਵਿਅਕਤ ਮਿਲਣ ਦੇ ਵਚਿੱਤਰ ਅਨੁਭਵ ਕਰ ਸਕੋਗੇ।

ਸਲੋਗਨ:- ਸਭ ਦਾ ਆਦਰ ਕਰਨ ਵਾਲੇ ਹੀ ਆਦਰਸ਼ ਬਣ ਸਕਦੇ ਹਨ। ਸੰਮਾਨ ਦਵੋ ਤਾਂ ਸੰਮਾਨ ਮਿਲੇਗਾ

******

ਅਵਿਅਕਤ ਇਸ਼ਾਰੇ :- ਖੁਦ ਅਤੇ ਸਭ ਦੇ ਪ੍ਰਤੀ, ਮਨਸਾ ਦ੍ਵਾਰਾ ਯੋਗ ਦੀਆਂ ਸ਼ਕਤੀਆਂ ਦਾ ਪ੍ਰਯੋਗ ਕਰੋ।

ਜਿਵੇਂ ਆਪਣੇ ਸਥੂਲ ਕੰਮ ਨੂੰ ਪ੍ਰੋਗਰਾਮ ਨੂੰ ਦਿਨਚਰਿਆ ਅਨੁਸਾਰ ਸੈਟ ਕਰਦੇ ਹੋ, ਉਵੇਂ ਆਪਣੀ ਮਨਸਾ ਸਮਰੱਥ ਸਥਿਤੀ ਦਾ ਪ੍ਰੋਗਰਾਮ ਸੈਟ ਕਰੋ ਤਾਂ ਕਦੇ ਅਪਸੇਟ ਨਹੀਂ ਹੋਵੋਗੇ। ਜਿਨਾਂ ਆਪਣੇ ਮਨ ਨੂੰ ਸਮਰਥ ਸੰਕਲਪਾਂ ਵਿਚ ਬਿਜੀ ਰੱਖੋਗੇ ਤਾਂ ਮਨ ਨੂੰ ਅਪਸੈਟ ਹੋਣ ਦਾ ਸਮਾਂ ਹੀ ਨਹੀਂ ਮਿਲੇਗਾ। ਮਨ ਸਦਾ ਸੈਟ ਮਤਲਬ ਇਕਾਗ੍ਰ ਹੈ ਤਾਂ ਆਪੇ ਹੀ ਚੰਗੇ ਵਾਇਬ੍ਰੇਸ਼ਨ ਫੈਲਦੇ ਹਨ। ਸੇਵਾ ਹੁੰਦੀ ਹੈ।